**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ**

ਹੁਕਮ ਨੰ: 20/476-13 ਅ 2(1) ਕੋ:ਸੈਲ:3
ਮਿਤੀ, ਐਸ.ਏ.ਐਸ.ਨਗਰ :- 29.04.2016

ਸ਼੍ਰੀ ਰਾਜਿੰਦਰ ਸਿੰਘ, ਰਿਟਾ: ਸਾਇੰਸ ਮਾਸਟਰ, ਸਹਸ ਰਾਜਗੜ੍ਹ, ਜ਼ਿਲ੍ਹਾ ਲੁਧਿਆਣਾ ਜੋ ਕਿ ਮਿਤੀ 31.07.98 ਤੋਂ ਅਣਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਗੈਰਹਾਜਰ ਚੱਲਦਾ ਰਿਹਾ ਅਤੇ ਮਿਤੀ 31.05.13 ਨੂੰ In-absentia ਰਿਟਾਇਰ ਹੋ ਚੁੱਕਾ ਹੈ, ਨੂੰ ਗੈਰਹਾਜਰੀ ਕਾਰਨ ਵਿਭਾਗ ਵੱਲੋਂ ਹੁਕਮ ਨੰ: 20/476-13 ਅ2(1) ਕੋ:ਸ:3 ਮਿਤੀ 25.05.15/12.06.15 ਰਾਹੀਂ ਦੋਸ ਸੂਚੀ ਜਾਰੀ ਕੀਤੀ ਗਈ ।

ਦੋਸ਼ ਸੂਚੀ ਦਾ ਕੋਈ ਜਵਾਬ ਨਾ ਆਉਣ ਤੇ ਇਸ ਦਫਤਰ ਦੇ ਹੁਕਮ ਨੰ: 20/476-13 ਅ2(1) ਕੋ:ਸ:3 ਮਿਤੀ 17.07.15/22.07.15 ਰਾਹੀਂ ਸ਼੍ਰੀਮਤੀ ਪਰਮਜੀਤ ਕੌਰ, ਜਿ:ਸਿ:ਅ:(ਸੈਸਿ) ਲੁਧਿਆਣਾ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵਲੋਂ ਆਪਣੇ ਪੱਤਰ ਨੰ: ਲੁਧਿਆਣਾ/2015/ਪੜਤਾਲ/3282 ਮਿਤੀ 13.10.15 ਰਾਹੀਂ ਪੜਤਾਲ ਰਿਪੋਰਟ ਭੇਜ ਕੇ ਸ਼੍ਰੀ ਰਾਜਿੰਦਰ ਸਿੰਘ, ਰਿਟਾ: ਸਾਇੰਸ ਮਾਸਟਰ, ਸਹਸ ਰਾਜਗੜ੍ਹ, ਜ਼ਿਲ੍ਹਾ ਲੁਧਿਆਣਾ ਵਿਰੁੱਧ ਮਿਤੀ 31.07.98 ਤੋਂ ਮਿਤੀ 31.05.13 ਤੱਕ ਲਗਾਤਾਰ ਡਿਊਟੀ ਤੋਂ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ ਅਤੇ ਇਹ ਵੀ ਲਿਖਿਆ ਕਿ ਉਹ ਨੌਕਰੀ ਕਰਨ ਵਿੱਚ ਦਿਲਚਸਪੀ ਨਹੀਂ ਰੱਖਦਾ।

ਇਸ ਸਬੰਧੀ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਰਾਜਿੰਦਰ ਸਿੰਘ, ਰਿਟਾ: ਸਾਇੰਸ ਮਾਸਟਰ, ਸਹਸ ਰਾਜਗੜ੍ਹ, ਜ਼ਿਲ੍ਹਾ ਲੁਧਿਆਣਾ ਨੂੰ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਾਰਨ ਪਬਲਿਕ ਨੋਟਿਸ ਦਿੱਤਾ ਗਿਆ। ਇਹ ਪਬਲਿਕ ਨੋਟਿਸ ਮਿਤੀ 17.03.16 ਨੂੰ ਜਗਬਾਣੀ ਚੰਡੀਗੜ੍ਹ ਵਿਚ ਪ੍ਰਕਾਸ਼ਿਤ ਹੋਇਆ। ਇਸ ਵਿਚ ਇਸ ਕਰਮਚਾਰੀ ਦਾ ਨਾਂ ਲੜੀ ਨੰ:12 ਤੇ ਸ਼ਾਮਲ ਸੀ। ਇਸ ਪਬਲਿਕ ਨੋਟਿਸ ਰਾਹੀਂ ਕਰਮਚਾਰੀ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦਾ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰਨ ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰੀ ਨੇ ਨਾ ਤਾਂ ਕੋਈ ਲਿਖਤੀ/ਜ਼ੁਬਾਨੀ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰੀ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦਾ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀ ਰਾਜਿੰਦਰ ਸਿੰਘ, ਰਿਟਾ: ਸਾਇੰਸ ਮਾਸਟਰ, ਸਹਸ ਰਾਜਗੜ੍ਹ, ਜ਼ਿਲ੍ਹਾ ਲੁਧਿਆਣਾ ਜੋ ਮਿਤੀ 31-07-1998 ਤੋਂ ਆਪਣੀ ਰਿਟਾਇਰਮੈਂਟ ਦੀ ਮਿਤੀ 31.05.13 ਤੱਕ ਲਗਾਤਰ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਿਹਾ ਅਤੇ ਮਿਤੀ 31.05.13 In-absentia ਰਿਟਾਇਰ ਹੋ ਚੁੱਕਾ ਹੈ, ਦੀਆਂ ਸੇਵਾਵਾਂ ਪੰਜਾਬ ਸਿਵਲ ਸਰਵਿਸਿਸ ਵਾਲਿਊਮ-2 ਦੇ ਨਿਯਮ 3.17 ਏ ਅਧੀਨ forfeit ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 7580-83 ਮਿਤੀ, ਐਸ.ਏ.ਐਸ.ਨਗਰ :- 11/5/16

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ।
2. (ਰਜਿ) ਜਿਲਾ ਸਿੱਖਿਆ ਅਫਸਰ (ਸੈ:ਸਿ), ਲੁਧਿਆਣਾ ਨੂੰ ਕਰਮਚਾਰੀ ਦੀ ਸੇਵਾਪੱਤਰੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ਮੁੱਖਅਧਿਆਪਕ, ਸਹਸ ਰਾਜਗੜ੍ਹ, ਜ਼ਿਲ੍ਹਾ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਵੀ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
4. ਸ਼੍ਰੀ ਰਾਜਿੰਦਰ ਸਿੰਘ, ਰਿਟਾ: ਸਾਇੰਸ ਮਾਸਟਰ, ਸਹਸ ਰਾਜਗੜ੍ਹ, ਜ਼ਿਲ੍ਹਾ ਲੁਧਿਆਣਾ।

ਨੱਥੀ:-ਸੇਵਾਪੱਤਰੀ(ਅਸਲ)

ਸੁਪਰਡੰਟ ਕੋਆਰਡੀਨੇਸ਼ਨ ਸੈਲ